# ਰਸ

ਕਾਵਿ ਅਨੁਭਵ ਨੂੰ ਭਾਰਤੀ ਕਾਵਿ ਸ਼ਾਸਤਰੀਆਂ ਨੇ 'ਰਸ' ਦਾ ਨਾਂ ਦਿੱਤਾ ਹੈ। ਉਹਨਾਂ ਨੇ ਰਸ ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਰਸ ਸਿਧਾਂਤ ਦਾ ਮੋਢੀ ਅਚਾਰੀਆ **ਭਰਤ ਮੁਨੀ** ਹੈ। ਉਸ ਨੇ ਆਪਣੇ 'ਨਾਟ ਸ਼ਾਸਤਰ' ਵਿੱਚ ਰਸ ਦੇ ਭਿੰਨ-ਭਿੰਨ ਅੰਗਾਂ ਦੀ ਵਿਆਖਿਆ ਕੀਤੀ ਹੈ। ਭਰਤ ਮੁਨੀ ਤੋਂ ਬਾਅਦ ਭਟ ਲੋਲਟ, ਸ਼ਕੁੰਕ, ਭੱਟ ਨਾਇਕ, ਵਿਸ਼ਵਨਾਥ ਆਦਿ ਅਚਾਰੀਆ ਨੇ ਰਸ ਸਿਧਾਂਤ ਬਾਰੇ ਆਪਣੇ-ਆਪਣੇ ਮਤ ਪੇਸ਼ ਕੀਤੇ ਹਨ।

ਰਸ ਇੱਕ ਵਿਆਪਕ ਸੰਕਲਪ ਹੈ। ਸਾਹਿਤ ਦੇ ਖੇਤਰ ਵਿੱਚ ਕਾਵਿ ਆਨੰਦ ਹੀ ਰਸ ਹੈ। ਇਸ ਤਰ੍ਹਾਂ ਆਖਿਆ ਜਾ ਸਕਦਾ ਹੈ ਕਿ ਸਾਹਿਤ ਦੇ ਪੜ੍ਹਣ-ਸੁਨਣ ਤੋਂ ਪਾਠਕਾਂ, ਸਰੋਤਿਆਂ ਜਾਂ ਦਰਸ਼ਕਾਂ ਨੂੰ ਟੁੰਬਣ ਵਾਲਾ ਤੇ ਹਿਲੋਰਾ ਦੇਣ ਵਾਲਾ ਜੋ ਵੀ ਸੁਹਜ-ਸੁਆਦ ਮਹਿਸੂਸ ਹੁੰਦਾ ਹੈ, ਉਹ ਹੀ ਰਸ ਹੈ। ਇਹ ਰਸ ਸਾਨੂੰ ਓਪਰੇ ਰੂਪ ਵਿੱਚ ਦੁਨਿਆਵੀ ਸੁਆਦ ਵਰਗਾ ਹੀ ਲੱਗਦਾ ਹੈ, ਪ੍ਰੰਤੂ ਆਪਣੇ ਅੰਤਿਮ ਰੂਪ ਵਿੱਚ ਇਸ ਦੀ ਪ੍ਰਕਿਰਤੀ ਪਾਰਬ੍ਰਹਮ ਨੂੰ ਮਾਨਣ ਵਾਲੇ ਸੁਆਦ ਵਰਗੀ ਹੁੰਦੀ ਹੈ। ਭਾਵੇਂ ਪੂਰਨ ਰੂਪ ਵਿੱਚ ਪਾਰਬ੍ਰਹਮ ਦਾ ਸੁਆਦ ਨਹੀਂ ਹੁੰਦਾ। ਸਾਹਿਤ ਵਿੱਚ ਰਸ ਦੀ ਵਰਤੋਂ ਬਹੁ-ਪਾਸਾਰੀ ਰੂਪ ਵਿੱਚ ਹੋਈ ਹੈ, ਜੋ ਸਮੁੱਚੀ ਕਾਵਿ-ਪ੍ਰਕਿਰਿਆ ਨੂੰ ਆਪਣੇ ਘੇਰੇ ਵਿੱਚ ਲੈ ਲੈਂਦੀ ਹੈ। ਰਸ ਦੀ ਪ੍ਰਕਿਰਤੀ ਸੰਬੰਧੀ **ਡਾ. ਪ੍ਰੇਮ ਪ੍ਰਕਾਸ਼ ਸਿੰਘ** ਹੇਠ ਲਿਖੀਆਂ ਧਾਰਨਾਵਾਂ ਪ੍ਰਸਤੁਤ ਕਰਦੇ ਹਨ-

- **ਕਾਵਿ ਨਾਟਕ ਦੇ ਸੁਆਦ ਦਾ ਨਾਮ ਰਸ ਹੈ।**
- **ਰਸ ਸਥੂਲ ਤੇ ਸੂਖਮ ਭਾਵਾਂ ਦਾ ਸੁਆਦ-ਆਤਮਕ ਫ਼ਲ ਹੈ।**
- **ਰਸ ਵਿਭਾਵ, ਅਨੁਭਾਵ ਅਤੇ ਸੰਚਾਰੀ ਆਦਿ ਸਾਰਿਆਂ ਭਾਵਾਂ ਦੇ ਸੰਯੋਗ ਦਾ ਸਿੱਟਾ ਹੈ, ਰਸ ਦੀ ਮੂਲ ਜੜ੍ਹ ਭਾਵ ਹਨ।**
- **ਰਸ ਨਿਰਵਿਘਨ ਤੇ ਅਖੰਡ ਹੁੰਦਾ ਹੈ।**
- **ਰਸ ਅਲੌਕਿਕ ਚਮਤਕਾਰ ਨਹੀਂ ਹੈ।**
- **ਰਸ ਚਿੰਨਮਈ, ਸੁਤੰਤਰ ਅਤੇ ਸਵੈ-ਪ੍ਰਕਾਸ਼ ਹੁੰਦਾ ਹੈ।**
- **ਰਸ ਹੋਰ ਗਿਆਨਾਂ ਤੋਂ ਮੁਕਤ ਹੁੰਦਾ ਹੈ।**

ਰਸ ਦੀ ਉੱਤਪਤੀ ਭਾਵਾਂ ਦੇ ਸਿੱਟੇ ਵਜੋਂ ਹੁੰਦੀ ਹੈ। ਭਾਵ ਮਨੁੱਖ ਦੀਆਂ ਜਮਾਂਦਰੂ ਚਿੱਤ-ਬਿਰਤੀਆਂ ਦੇ ਰੂਪ ਵਿੱਚ ਸਾਡੇ ਮਨ ਦਾ ਹਿੱਸਾ ਹੁੰਦੇ ਹਨ। ਇਹਨਾਂ ਵਿੱਚੋਂ ਕੁਝ ਭਾਵ ਸਥਾਈ ਅਤੇ ਕੁਝ ਅਸਥਾਈ ਹੁੰਦੇ ਹਨ। ਅਸਥਾਈ ਭਾਵ ਟਿਕਵੇਂ ਨਹੀਂ ਹੁੰਦੇ, ਪਰ ਸਥਾਈ ਭਾਵ ਇੱਕ ਸੰਸਕਾਰ ਵਜੋਂ ਸਾਡੇ ਮਨ ਵਿੱਚ ਹਮੇਸ਼ਾਂ ਮੌਜੂਦ ਰਹਿੰਦੇ ਹਨ। ਸਾਧਾਰਨ ਹਾਲਤਾਂ ਵਿੱਚ ਇਹ ਸਥਾਈ ਭਾਵ ਸੁਸਤ ਰੂਪ ਵਿੱਚ ਪਏ ਹੁੰਦੇ ਹਨ। ਪਰ ਜਦੋਂ ਨਾਟਕੀ-ਦ੍ਰਿਸ਼ ਸਾਡੇ ਸਾਹਮਣੇ ਹਾਜ਼ਰ ਹੁੰਦੇ ਹਨ ਤਾਂ ਇਹ ਭਾਵ ਜਾਗ ਉੱਠਦੇ ਹਨ ਅਤੇ ਰਸ ਦੇ ਰੂਪ ਵਿੱਚ ਨਿਸ਼ਕਾਸ਼ਿਤ ਹੁੰਦੇ ਹਨ।

## ਰਸ ਦੇ ਪ੍ਰਕਾਰ

ਰਸ ਨੌਂ ਪ੍ਰਕਾਰ ਦੇ ਹੁੰਦੇ ਹਨ।

## 1. ਸ਼ਿੰਗਾਰ ਰਸ–

ਸ਼ਿੰਗਾਰ ਰਸ ਦਾ ਸਥਾਈ ਭਾਵ ਪ੍ਰੇਮ ਜਾਂ ਪ੍ਰੀਤ ਹੈ। ਇਸ ਨੂੰ ਸਾਰਿਆਂ ਰਸਾਂ ਵਿੱਚ ਪਹਿਲਾ ਸਥਾਨ ਪ੍ਰਾਪਤ ਹੈ। ਇਹ ਦੋ ਪ੍ਰਕਾਰ ਦਾ ਹੁੰਦਾ ਹੈ-ਸੰਜੋਗ ਤੇ ਵਿਜੋਗ। ਸੰਜੋਗ ਸ਼ਿੰਗਾਰ ਰਸ ਵਿੱਚ ਪ੍ਰੀਤਮ ਦੇ ਮਿਲਾਪ ਦੀ ਖ਼ੁਸ਼ੀ ਅਤੇ ਵਿਜੋਗ ਸ਼ਿੰਗਾਰ ਰਸ ਵਿੱਚ ਪ੍ਰੀਤਮ ਦੇ ਵਿਛੜਣ ਦਾ ਗ਼ਮ ਪ੍ਰਗਟ ਹੁੰਦਾ ਹੈ।

ਸੰਜੋਗ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ–

"ਨੀ ਅੱਜ ਕੋਈ ਆਇਆ ਸਾਡੇ ਵਿਹੜੇ,
ਤੱਕਣ ਚੰਨ ਸੂਰਜ ਢੁੱਕ–ਢੁੱਕ ਨੇੜੇ।
ਲੱਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ।
ਆਇਆ ਨੀ ਖੌਰੇ ਅੰਬਰ ਘੁੰਮ–ਘੁੰਮ ਕਿਹੜੇ।
ਚੁੰਮੋ ਨੀ ਇਹਦੇ ਹੱਥ ਚੰਬੇ ਦੀਆ ਕਲੀਆਂ
ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ।"

ਵਿਜੋਗ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ–

"ਸੋਹਣੀ ਕੂਕਦੀ ਬੇਲੀਆ ਬੇਲੀਆ ਓਇ!
ਦੱਸ ਕੌਣ ਦਰਦੀ ਏਥੇ ਹੈਨ ਤੇਰੇ ?
ਇੱਕ ਸਾਕ ਆਹਾ ਤੇਰਾ ਨਾਲ ਮੇਰੇ,
ਏਥੇ ਹੋਰ ਨਾਹੀ ਸਾਕ–ਸੈਨ ਤੇਰੇ।
ਪਿੱਛਾ ਦੂਰ ਰਹਿਆ ਤੇਰਾ ਸੱਜਣਾ ਓਇ,
ਹੁਣ ਕੋਲ ਨਾਹੀ ਭਾਈ ਭੈਣ ਤੇਰੇ।"

## 2. ਹਾਸ ਰਸ–

ਹਾਸ ਰਸ ਦਾ ਸਥਾਈ ਭਾਵ ਹਾਸਾ ਹੈ। ਜਿਹੜੀ ਕਵਿਤਾ ਸਾਨੂੰ ਹਸਾਉਂਦੀ ਹੈ, ਉਸ ਵਿੱਚ ਹਾਸ ਰਸ ਹੁੰਦਾ ਹੈ। ਹਾਸਾ ਕਈ ਪ੍ਰਕਾਰ ਦਾ ਹੋ ਸਕਦਾ ਹੈ। ਇਕ ਹਾਸਾ ਸਾਡਾ ਜੀਅ ਦੁਖਾਉਂਦਾ ਹੈ, ਇੱਕ ਮਨ ਪਰਚਾਉਂਦਾ ਹੈ, ਇੱਕ ਤਨਾਓ ਦੂਰ ਕਰਦਾ ਹੈ ਅਤੇ ਇੱਕ ਹਾਸਾ ਸਮਾਜਕ ਬੁਰਾਈਆਂ ਨੂੰ ਨਸ਼ਤਰ ਲਗਾਉਂਦਾ ਹੈ। ਕਵੀ ਤੇ ਕਲਾਕਾਰ ਦਾ ਹਾਸਾ ਉਸਾਰੂ ਬਿਰਤੀ ਵਾਲਾ ਹੁੰਦਾ ਹੈ। ਮਨੁੱਖੀ ਜ਼ਿੰਦਗੀ ਵਿੱਚੋਂ ਅਨਮੋਲ ਘਟਨਾਵਾਂ ਤੇ ਅਨਮੋਲ ਹਰਕਤਾਂ ਰੂਪੀ ਸਮੱਗਰੀ ਇਕੱਠੀ ਕਰ ਕੇ ਕਵੀ ਜ਼ਿੰਦਗੀ ਨੂੰ ਖ਼ੁਸ਼ੀਆਂ ਨਾਲ ਭਰਪੂਰ ਕਰਨ ਦੀ ਇੱਛਾ ਰੱਖਦਾ ਹੈ। ਇਹ ਸਾਹਿਤਕ ਹਾਸਾ ਹੈ। ਸਾਹਿਤਕ ਹਾਸਾ ਕਾਟ ਵੀ ਕਰਦਾ ਹੈ, ਪਰ ਪੀੜ ਵੀ ਨਹੀਂ ਹੋਣ ਦਿੰਦਾ। ਇਸ ਹਾਸੇ ਵਿੱਚ ਸਮਾਜਕ ਬੁਰਾਈਆਂ ਤੇ ਵੀ ਵਿਅੰਗ ਹੋ ਸਕਦਾ ਹੈ। ਜਿਵੇਂ–

"ਮੈਡਮ, ਕੀ ਆਖਾਂ ਤੈਨੂੰ ਕਿਵੇਂ ਆਖਾਂ ?

ਅੱਜ ਆਖਣੇ ਦੀ ਪੈ ਗਈ ਲੋੜ ਹੀਰੇ।

ਫਸਟ ਏਡ ਦੀ ਥਾਂ ਤੂੰ ਰੇਡ ਕੀਤਾ,

ਸਾਡਾ ਹਿੱਲਿਆ ਏ ਜੋੜ-ਜੋੜ ਹੀਰੇ।

ਜੇ ਤੂੰ ਖੇੜਿਆਂ ਬਾਝ ਨਹੀਂ ਰਹਿ ਸਕਦੀ,

ਮੱਝਾਂ ਚਾਰੀਆਂ ਦੇ ਪੈਸੇ ਮੋੜ ਹੀਰੇ।

ਮੇਰੇ ਟੀ.ਏ. ਤੇ ਡੀ.ਏ. ਦਾ ਕਰ ਲੇਖਾ,

ਮੈਂ ਮੰਗਦਾ ਨਾ ਲੱਖ-ਕਰੋੜ ਹੀਰੇ,

ਹੀਰਾਂ ਹੋਰ ਨੀ ਜੱਗ ਵਿੱਚ ਬਹੁਤ ਹੀਰਾਂ,

ਐਪਰ ਰਾਂਝਿਆਂ ਦੀ ਸ਼ਾਰਟੇਜ ਹੀਰੇ।"

### 3. ਕਰੁਣਾ ਰਸ-

ਕਰੁਣਾ ਰਸ ਦਾ ਸਥਾਈ ਭਾਵ ਸ਼ੋਕ ਹੈ। ਕਰੁਣਾ ਰਸ ਦਾ ਅਨੁਭਵ ਬਹੁਤ ਹੀ ਤੀਬਰ ਹੁੰਦਾ ਹੈ ਕਿਉਂਕਿ ਇਸ ਵਿੱਚ ਹਮਦਰਦੀ ਤੇ ਡੂੰਘੀ ਸੰਵੇਦਨਾ ਹੁੰਦੀ ਹੈ। **ਅਚਾਰੀਆ ਵਿਸ਼ਵਨਾਥ** ਲਿਖਦਾ ਹੈ ਕਿ ਮਨਚਾਹਤ ਵਸਤੂ ਦੇ ਨਾਸ਼ ਅਤੇ ਅਣ-ਇੱਛਤ ਦੀ ਪ੍ਰਾਪਤੀ ਕਰਕੇ ਜਿੱਥੇ ਸ਼ੋਕ ਸਥਾਈ ਭਾਵ ਦੀ ਪੁਸ਼ਟੀ ਹੋਵੇ, ਉੱਥੇ ਕਰੁਣਾ ਰਸ ਦਾ ਪ੍ਰਗਟਾਓ ਹੁੰਦਾ ਹੈ।

ਮਨੁੱਖ ਆਪਣੇ ਪਿਆਰੇ ਦੇ ਸ਼ੋਕ ਵਿੱਚ ਏਨਾ ਪਿਘਲ ਜਾਂਦਾ ਹੈ ਕਿ ਕੁੱਲ ਦੁਨੀਆਂ ਦੇ ਦਰਦ ਵਿੱਚ ਉਸ ਦਾ ਰੋਮ-ਰੋਮ ਪੀੜਤ ਹੋ ਉੱਠਦਾ ਹੈ। **ਅੰਮ੍ਰਿਤਾ ਪ੍ਰੀਤਮ** ਕਰੁਣਾ ਵਿੱਚ ਆਖਦੀ ਹੈ-

"ਅੱਜ ਆਖਾਂ ਵਾਰਸ ਸ਼ਾਹ ਨੂੰ,

ਕਿਤੇ ਕਬਰਾਂ ਵਿੱਚੋਂ ਬੋਲ।

ਤੇ ਅੱਜ ਕਿਤਾਬੇ ਇਸ਼ਕ ਦਾ,

ਕੋਈ ਅਗਲਾ ਵਰਕਾ ਫੋਲ।

ਇੱਕ ਰੋਈ ਸੀ ਧੀ ਪੰਜਾਬ ਦੀ,

ਤੂੰ ਲਿਖ-ਲਿਖ ਮਾਰੇ ਵੈਣ।

ਅੱਜ ਲੱਖਾਂ ਧੀਆਂ ਰੋਂਦੀਆਂ,

ਤੈਨੂੰ ਵਾਰਸ ਸ਼ਾਹ ਨੂੰ ਕਹਿਣ।

ਵੇ ਦਰਦਮੰਦਾਂ ਦਿਆ ਦਰਦੀਆ!

ਉੱਠ ਤੱਕ ਆਪਣਾ ਪੰਜਾਬ,

ਅੱਜ ਬੇਲੇ ਲਾਸ਼ਾਂ ਵਿਛੀਆਂ,

ਤੇ ਲਹੂ ਦੀ ਭਰੀ ਚਨਾਬ।"

## 4. ਰੌਦਰ ਰਸ–

ਰੌਦਰ ਰਸ ਦਾ ਸਥਾਈ ਭਾਵ ਕ੍ਰੋਧ ਹੈ। ਜਿੱਥੇ ਵਿਰੋਧੀਆਂ ਵੱਲੋਂ ਬੇਇੱਜ਼ਤੀ, ਨਿਰਾਦਰੀ ਕੀਤੀ ਜਾਂਦੀ ਹੈ ਅਤੇ ਦੇਸ਼ ਤੇ ਧਰਮ ਦਾ ਅਪਮਾਨ ਕੀਤਾ ਜਾਂਦਾ ਹੈ, ਉੱਥੇ ਬਦਲੇ ਦੀ ਭਾਵਨਾ ਪਿੱਛੇ ਕ੍ਰੋਧ ਭਾਵ ਜਾਗਦਾ ਹੈ, ਤਾਂ ਉਦੋਂ ਰੌਦਰ ਰਸ ਦਾ ਪ੍ਰਗਟਾਵਾ ਹੁੰਦਾ ਹੈ। ਜਿੱਥੇ ਮੌਤ, ਕੱਟ–ਵੱਢ ਤੇ ਲਹੂ–ਲੁਹਾਨ ਦਾ ਵਰਨਣ ਹੋਵੇ, ਉੱਥੇ ਰੌਦਰ ਰਸ ਸਿਖਰਾਂ ਤੇ ਹੁੰਦਾ ਹੈ।

ਰੌਦਰ ਰਸ ਦੇ ਸਥਾਈ ਭਾਵ ਕ੍ਰੋਧ ਵਿੱਚ ਵਿਅਕਤੀ ਵਿਵੇਕ ਸੁੰਨ ਹੋ ਜਾਂਦਾ ਹੈ ਅਤੇ ਹਰ ਤਰ੍ਹਾਂ ਦੇ ਜ਼ਾਇਜ਼–ਨਾਜ਼ਾਇਜ਼ ਕੰਮ ਕਰਨ ਦੀ ਖ਼ਾਤਰ ਉਹ ਮੌਤ ਨਾਲ ਖੇਡਦਾ ਹੈ। ਕਵੀ ਮੌਕੇ ਮੁਤਾਬਿਕ ਆਪਣੇ ਪਾਤਰਾਂ ਦੇ ਕ੍ਰੋਧ ਭਾਵ ਨੂੰ ਇਸ ਤਰ੍ਹਾਂ ਚਿਤਰਦਾ ਹੈ ਕਿ ਸਾਰਾ ਵਾਤਾਵਰਨ ਰੌਦਰਮਈ ਹੋ ਜਾਂਦਾ ਹੈ। ਇਸ ਦੀ ਉਦਾਹਰਨ ਹੇਠ ਲਿਖੇ ਅਨੁਸਾਰ ਹੈ–

"ਫਉਜਾਂ ਦੋਹਾਂ ਮੁਕਾਬਲਾ ਜਿਉਂ ਬਰਸਣ ਆਈਆਂ।

ਬੰਦੂਕਾਂ ਦੀਆਂ ਗੋਲੀਆਂ ਕੁਹ ਪਵਨ ਵਸਾਈਆਂ।

ਗੱਜਣ ਤੋਪਾਂ ਡਾਇਣੀ ਜਿਉਂ ਘਣੀਅਰ ਘਾਈਆਂ।

ਧੂਹ ਮਿਆਨੋਂ ਕੱਢੀਆਂ ਰਣ ਵਿੱਚ ਚਲਾਈਆਂ।"

## 5. ਬੀਰ ਰਸ–

ਜਿੱਥੇ ਜੰਗਾਂ–ਯੁੱਧਾਂ ਵਿੱਚ ਬੀਰਤਾ, ਸੂਰਮਗਤੀ ਤੇ ਬਹਾਦਰੀ ਦਿਖਾਉਣ ਦਾ ਉਤਸ਼ਾਹ ਤੇ ਚਾਅ ਹੋਵੇ, ਉੱਥੇ ਬੀਰ ਰਸ ਪ੍ਰਗਟ ਹੁੰਦਾ ਹੈ। ਉਤਸ਼ਾਹ ਬੀਰ ਰਸ ਦਾ ਸਥਾਈ ਭਾਵ ਹੈ। **ਅਚਾਰੀਆ ਮੰਮਟ** ਬੀਰ ਰਸ ਸੰਬੰਧੀ ਲਿਖਦਾ ਹੈ ਕਿ ਕਿਸੇ ਮਹਾਨ ਕਾਰਜ ਨੂੰ ਤੋੜ ਤੱਕ ਨਿਭਾਉਣ ਵਾਸਤੇ ਸਾਂਝੇ ਰੂਪ ਵਿੱਚ ਜਿਹੜੀ ਹੌਂਸਲੇ ਭਰਪੂਰ ਕਿਰਿਆ ਹੁੰਦੀ ਹੈ, ਉਹ ਹੀ ਉਤਸ਼ਾਹ ਹੈ। ਇਹ ਉਤਸ਼ਾਹ ਰਣ–ਭੂਮੀ ਤੇ ਹੋਰ ਖੇਤਰਾਂ ਵਿੱਚ ਹੋ ਸਕਦਾ ਹੈ। ਯੁੱਧਬੀਰ, ਧਰਮ ਬੀਰ, ਦਾਨਬੀਰ, ਦਇਆ ਬੀਰ ਸਾਰੇ ਬੀਰ ਰਸ ਦੇ ਅੰਤਰਗਤ ਸਾਮਿਲ ਹੁੰਦੇ ਹਨ। ਪੰਜਾਬੀ ਸਾਹਿਤ ਵਿੱਚ **ਗੁਰੂ ਗੋਬਿੰਦ ਸਿੰਘ** ਜੀ ਦੁਆਰਾ ਰਚਿਤ 'ਚੰਡੀ ਦੀ ਵਾਰ' ਬੀਰ ਰਸ ਦੀ ਉੱਤਮ ਉਦਾਹਰਨ ਹੈ–

"ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ।

ਝੂਲਨ ਨੇਜੇ ਬੈਰਕਾਂ ਨੀਸਾਣ ਲਸਣ ਲਸਾਵਲੇ।

ਢੋਲ ਨਗਾਰੇ ਪਉਣ ਦੇ ਉਂਘਣ ਜਾਣ ਜਟਾਵਲੇ।

ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ।"

## 6. ਭਿਆਨਕ ਰਸ–

ਭਿਆਨਕ ਰਸ ਦਾ ਸਥਾਈ ਭਾਵ ਭੈਅ ਹੈ। ਕਿਸੇ ਡਰਾਉਣੀ ਸ਼ੈਅ ਨੂੰ ਦੇਖਣ, ਸੁਨਣ ਕਰਕੇ ਮਨ ਅੰਦਰ ਜਦੋਂ ਭੈਅ ਪ੍ਰਬਲ ਰੂਪ ਧਾਰਨ ਕਰਕੇ ਪੁਸ਼ਟ ਹੁੰਦਾ ਹੈ, ਉਦੋਂ ਭਿਆਨਕ ਰਸ ਦਾ ਪ੍ਰਗਟਾਵਾ ਹੁੰਦਾ ਹੈ। ਚਿੱਤ ਦੀ ਬੇਚੈਨੀ ਤੇ ਵਿਆਕੁਲਤਾ ਤੋਂ ਪੈਦਾ ਮਨ ਦੀ ਡਾਵਾਂ ਡੋਲ ਅਵਸਥਾ ਹੀ ਭੈਅ ਹੈ। ਘੋਰ ਜੰਗਲ–ਬੀਆਬਾਨ, ਸ਼ੇਰ, ਸੱਪ, ਭੂਤ–ਪ੍ਰੇਤ ਦੀ ਕਲਪਨਾ, ਸ਼ਮਸ਼ਾਨ ਭੂਮੀ ਅਤੇ ਦੁਸ਼ਮਣ ਦਾ ਖਿਆਲ ਆਦਿ ਭਿਆਨਕ ਰਸ ਦੇ ਕਾਰਨ ਹਨ। ਇੰਨ੍ਹਾਂ ਕਾਰਨਾਂ ਕਰਕੇ ਭੈਅ–ਭੀਤ ਬੰਦੇ ਨੂੰ ਰੁਮਾਂਚ, ਕੰਬਣੀ, ਮੁੜਕਾ, ਰੰਗੋ–ਬੇਰੰਗ ਹੋਣਾ, ਰੋਣਾ, ਸ਼ੋਰ ਮਚਾਉਣਾ ਆਦਿ ਕਾਰਜ ਪ੍ਰਭਾਵਿਤ ਕਰਦੇ ਹਨ। ਸਾਹਿਤ ਰਚਨਾਵਾਂ ਵਿੱਚ ਜਦੋਂ ਅਜਿਹੀ ਸਮੱਗਰੀ ਸਰੋਤਿਆਂ, ਦਰਸ਼ਕਾਂ ਅੱਗੇ ਪੇਸ਼ ਹੁੰਦੀ ਹੈ ਤਾਂ ਡਰਾਉਣੇ ਵਾਯੂਮੰਡਲ ਦੇ ਅਹਿਸਾਸ ਕਰਕੇ ਉਂਨ੍ਹਾਂ ਦੇ ਮਨ/ਚਿੱਤ ਵਿਚ ਭਿਆਨਕ ਰਸ ਦਾ ਸੁਹਜ ਸੁਆਦ ਪੈਦਾ ਹੁੰਦਾ ਹੈ। ਇਸ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ–

"ਦੋਹੀਂ ਦਲੀਂ ਮੁਕਾਬਲੇ ਰਣ ਸੂਰੇ ਗੜ੍ਹਕਣ,

ਚੜ੍ਹ ਤੋਪਾਂ ਗੱਡੀ ਢੁੱਕੀਆਂ ਲੱਖ ਸੰਗਲ ਖੜਕਣ,

ਉਹ ਦਾਰੂ ਖਾਂਦੀਆਂ ਕੋਹਲੀਆਂ ਮਣ ਗੋਲੇ ਰੜਕਣ,

ਉਹ ਦਾਗ ਪਲੀਤੇ ਛੱਡੀਆਂ ਵਾਂਗ ਬੱਦਲ ਕੜਕਣ,

ਜਿਉਂ ਦਰ ਖੁੱਲ੍ਹੇ ਦੋਜ਼ਖਾਂ ਮੂੰਹ ਭਾਹੀਂ ਭੜਕਣ,

ਜਿਉਂ ਝਾਂਬੇ ਮਾਰੇ ਪੰਖਣੂੰ ਵਿੱਚ ਬਾਗਾਂ ਫੜਕਣ,

ਝੜੇ ਤਰੁੱਟੇ ਹੰਭਲਾ ਵਾਂਗ ਮੱਛਾਂ ਤੜਫਣ,

ਜਿਉਂ ਝੱਲੀਂ ਅੱਗਾਂ ਲਗੀਆਂ ਰਣ ਸੂਰੇ ਤੜਕਣ,

ਉਹ ਹਸ਼ਰ ਦਿਹਾੜਾ ਵੇਖ ਕੇ ਦਲ ਦੋਵੇਂ ਧੜਕਣ।"

## 7. ਵੀਭਤਸ ਰਸ–

'ਘ੍ਰਿਣਾ' ਵੀਭਤਸ ਰਸ ਦਾ ਸਥਾਈ ਭਾਵ ਹੈ। ਮ੍ਰਿਤਕ ਲੋਥ, ਚਰਬੀ, ਸੜ੍ਹਾਂਦ, ਹਵਾੜ, ਮਲ–ਮੂਤਰ, ਹੱਡਾ–ਰੋੜੀ, ਘਿਣੌਨੀਆਂ ਵਸਤਾਂ ਅਤੇ ਘ੍ਰਿਣਾ–ਜਨਕ ਕੁਕਰਮਾਂ ਤੋਂ ਪਾਠਕਾਂ ਦੇ ਹਿਰਦੇ ਵਿੱਚ ਜਿਹੜੀ ਗਿਲਾਨੀ ਪੈਦਾ ਹੁੰਦੀ ਹੈ, ਉਸ ਤੋਂ ਘ੍ਰਿਣਾ ਦਾ ਸਥਾਈ ਭਾਵ ਉੱਭਰਦਾ ਹੈ। ਘ੍ਰਿਣਾ ਸਿਰਫ਼ ਸਰੀਰਕ ਜਾਂ ਭੌਤਿਕ ਹੀ ਨਹੀਂ ਹੁੰਦੀ, ਮਾਨਸਿਕ ਵੀ ਹੁੰਦੀ ਹੈ। ਸਰੀਰਕ ਨਾਲੋਂ ਮਾਨਸਿਕ ਘ੍ਰਿਣਾ ਵਧੇਰੇ ਪ੍ਰਬਲ ਹੁੰਦੀ ਹੈ। ਰੱਤ–ਲਹੂ ਅਤੇ ਮਾਸ–ਮਿੱਝ ਦੀ ਬਿਆਨਬਾਜ਼ੀ ਹੀ ਕੇਵਲ ਬੀਭਤਸ ਰਸ ਦੀ ਸਮੱਗਰੀ ਨਹੀਂ, ਸਗੋਂ ਵਿਭਚਾਰ, ਦੁਰਾਚਾਰ ਅਤੇ ਭ੍ਰਿਸ਼ਟਾਚਾਰ ਵਾਲੀਆਂ ਘਟਨਾਵਾਂ ਵੀ ਬੀਭਤਸ ਰਸ ਦਾ ਸੰਚਾਰ ਕਰਦੀਆਂ ਹਨ।

ਪੰਜਾਬੀ ਸਾਹਿਤ ਵਿੱਚ ਵੀਭਤਸ ਰਸ ਦੀ ਬਹੁਤ ਘੱਟ ਵਰਤੋਂ ਕੀਤੀ ਗਈ ਹੈ। ਇਸ ਰਸ ਦੀ ਉਦਾਹਰਨ **ਅਵਤਾਰ ਸਿੰਘ ਅਜ਼ਾਦ** ਦੀ ਰਚਨਾ 'ਮਹਾਂਬਲੀ' ਵਿੱਚ ਵੇਖੀ ਜਾ ਸਕਦੀ ਹੈ–

"ਜਿੱਧਰ ਨਜ਼ਰ ਜਾਵੇ ਤਬਾਹੀ ਮੱਚੀ,
ਕਹਾਣੀ ਹੋ ਰਹੀ ਲਹੂ ਮਿਝ ਦੀ,
ਕਿਤੇ ਮਗਜ਼ ਖੋਪੜ ਵਿੱਚੋਂ ਵਹਿ ਰਿਹਾ,
ਗਇਆ ਟੁੱਟ ਮਟਕਾ ਦਹੀਂ ਹੈ ਵਹਿਆ,
ਕਿਤੇ ਧੌਣ ਵਿੱਚੋਂ ਫੁਹਾਰਾ ਫੁਟੇ,
ਕਿਤੇ ਮਗਜ਼ ਦੀ ਖੋਪੜੀ ਪਈ ਟੁੱਟੇ,
ਅਕਾਲੀ ਹੈ ਸਿੰਘ ਨਾਦ ਕਰ ਗਰਜਿਆ,
ਪਠਾਣਾ ਦਾ ਦਲ ਦਹਿਲ ਕੇ ਲਰਜ਼ਿਆ।"

## 8. ਅਦਭੁਤ ਰਸ-

ਹੈਰਾਨੀਜਨਕ ਗੱਲਾਂ-ਬਾਤਾਂ, ਅਨੋਖੀਆਂ ਕਥਾ-ਕਹਾਣੀਆਂ, ਵਚਿੱਤਰ ਘਟਨਾਵਾਂ ਅਤੇ ਚਕਾਚੌਂਧ ਪੈਦਾ ਕਰਦੇ ਨਜ਼ਾਰਿਆਂ ਨੂੰ ਪੜ੍ਹਣ ਜਾਂ ਸੁਨਣ ਕਰਕੇ ਪਾਠਕ/ਦਰਸ਼ਕ ਦੇ ਮਨ ਵਿੱਚ ਜਦੋਂ ਅਸਚਰਜ ਭਾਵ ਪ੍ਰਬਲ ਹੋਵੇ ਤਾਂ ਅਦਭੁਤ ਰਸ ਦਾ ਅਨੁਭਵ ਹੁੰਦਾ ਹੈ। ਅਦਭੁਤ ਰਸ ਦਾ ਸਥਾਈ ਭਾਵ 'ਅਸਚਰਜ' ਹੁੰਦਾ ਹੈ, ਇਸ ਨੂੰ ਵਿਸਮੈ ਵੀ ਕਿਹਾ ਗਿਆ ਹੈ।

**ਅਚਾਰੀਆ ਵਿਸ਼ਵਨਾਥ** ਅਨੁਸਾਰ, "ਆਮ ਰਵਾਇਤੀ ਕਿਸਮ ਦੀਆਂ ਰੂੜ੍ਹੀਆਂ ਅਤੇ ਰਵਾਇਤਾਂ ਨੂੰ ਛੱਡ ਕੇ ਜਦ ਵਸਤੂਆਂ ਅਤੇ ਘਟਨਾਵਾਂ ਵਿੱਚ ਅਨੋਖਾਪਨ ਤੇ ਅਚੰਭਾ ਪੈਦਾ ਹੁੰਦਾ ਹੈ ਤਾਂ ਉਸ ਨਾਲ ਚਿੱਤ ਖਿੜਦਾ ਹੈ ਤੇ ਵਿਸਮਾਦ ਵਿੱਚ ਆਉਂਦਾ ਹੈ, ਇਹ ਹੀ ਅਸਚਰਜ ਭਾਵ ਹੈ।"

ਅਸਚਰਜ ਭਾਵ ਵਿੱਚ ਚਮਤਕਾਰ ਦੇ ਅੰਸ਼ ਹੁੰਦੇ ਹਨ। ਸਾਹਿਤ ਵਿੱਚ ਅਦਭੁਤ ਰਸ ਦੀ ਕਈ ਤਰ੍ਹਾਂ ਨਾਲ ਪੇਸ਼ਕਾਰੀ ਹੋਈ ਹੈ। ਇਸ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ-

"ਵਿਸਮਾਦੁ ਨਾਦ ਵਿਸਮਾਦੁ ਵੇਦ॥
ਵਿਸਮਾਦੁ ਜੀਅ ਵਿਸਮਾਦੁ ਭੇਦ॥
ਵਿਸਮਾਦੁ ਰੂਪ ਵਿਸਮਾਦੁ ਰੰਗ॥
ਵਿਸਮਾਦੁ ਨਾਗੇ ਫਿਰਹਿ ਜੰਤ॥
ਵਿਸਮਾਦੁ ਪਉਣ ਵਿਸਮਾਦੁ ਪਾਣੀ॥
ਵਿਸਮਾਦੁ ਅਗਨੀ ਖੇਡਹਿ ਵਿਡਾਣੀ॥
ਵਿਸਮਾਦੁ ਸੰਜੋਗ ਵਿਸਮਾਦੁ ਵਿਜੋਗ॥
ਵਿਸਮਾਦੁ ਭੁਖ ਵਿਸਮਾਦੁ ਭੋਗ॥"

## 9. ਸ਼ਾਂਤ ਰਸ–

ਸ਼ਾਂਤ ਰਸ ਦਾ ਸਥਾਈ ਭਾਵ 'ਵੈਰਾਗ' ਹੈ। ਵੈਰਾਗ ਤੋਂ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਸ਼ਾਂਤ ਰਸ ਅਭਿਵਿਅਕਤ ਹੁੰਦਾ ਹੈ। ਵੈਰਾਗ ਕੀ ਹੈ ? ਇਹ ਕਿਵੇਂ ਉਤਪੰਨ ਹੁੰਦਾ ਹੈ ? ਮਨੁੱਖ ਕਈ ਤਰਾਂ ਦੀ ਭੀੜ ਵਿੱਚ ਗੁਆਚਿਆ ਰਹਿੰਦਾ ਹੈ। ਸੰਸਾਰ ਕੀ ਹੈ ? ਜੀਵਨ ਕੀ ਹੈ ? ਮਨੁੱਖੀ ਸ਼ਰੀਰ ਕੀ ਹੈ ? ਮੌਤ ਕੀ ਹੈ ? ਮਰ ਕੇ ਕਿੱਥੇ ਜਾਣਾ ਹੈ ? ਪਰ ਉੱਤਰ ਲਾਪਤਾ ਹੈ। ਇਸ ਤਰ੍ਹਾਂ ਦੇ ਪ੍ਰਸ਼ਨਾਂ ਦੇ ਉੱਤਰਾਂ ਦੀ ਤਲਾਸ਼ ਕਾਰਨ ਮਨੁੱਖ ਦੇ ਦਿਲ ਵਿੱਚ ਨਾਸ਼ਵਾਨ ਸੰਸਾਰ ਵੱਲੋਂ ਵੈਰਾਗ ਪੈਦਾ ਹੁੰਦਾ ਹੈ।

ਵਿਚਾਰਸ਼ੀਲ ਕਵੀਆਂ ਤੇ ਅਨੁਭਵੀ ਸੰਤ-ਜਨਾਂ ਦੇ ਬੋਲਾਂ ਵਿੱਚ ਸ਼ਾਂਤ ਰਸ ਦੀਆਂ ਤਰੰਗਾਂ ਉਠਦੀਆਂ ਹਨ। ਸ਼ਾਂਤ ਰਸ ਦੀ ਉਦਾਹਰਨ ਇਸ ਪ੍ਰਕਾਰ ਹੈ:

"ਵੈਰੀ ਨਾਗ ਤੇਰਾ ਪਹਿਲਾ ਝਲਕਾ,
ਜਦ ਅੱਖੀਆਂ ਵਿੱਚ ਵਜਦਾ।

ਕੁਦਰਤ ਦੇ ਕਾਦਰ ਦਾ ਜਲਵਾ,
ਲੈ ਲੈਂਦਾ ਇੱਕ ਸਿਜਦਾ।"

## ਅਭਿਆਸ-ਪ੍ਰਸ਼ਨ

1. ਰਸ ਦੇ ਸਰੂਪ ਉੱਪਰ ਚਰਚਾ ਕਰੋ।

2. ਹੇਠ ਲਿਖੇ ਰਸਾਂ ਦੀ ਵਿਆਖਿਆ ਕਰੋ–
**ਸ਼ਿੰਗਾਰ ਰਸ, ਹਾਸ ਰਸ, ਕਰੁਣਾ ਰਸ, ਬੀਰ ਰਸ, ਸ਼ਾਂਤ ਰਸ।**

3. ਹੇਠ ਲਿਖੇ ਰਸਾਂ ਦੀਆਂ ਉਦਾਹਰਨਾਂ ਲਿਖੋ–
**ਰੌਦਰ ਰਸ, ਵੀਭਤਸ ਰਸ, ਅਦਭੁਤ ਰਸ, ਭਿਆਨਕ ਰਸ।**